Directorate Of Education, GNCT Of Delhi

Practice Paper

MID-TERM EXAMINATION

Session-2026-27

Class-X

Subject- Punjabi (004)

Maximum Marks-80

Time - 3 hrs

## ਆਮ ਨਿਰਦੇਸ਼

* ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

* ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ । ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ ।

: ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸੀਟ 'ਤੇ ਲਿਖਿਆ ਜਾਵੇ।

: ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ: ਭਾਗ-I ਪੜ੍ਹਨ- ਕੌਸ਼ਲ ਭਾਗ-II ਵਿਆਕਰਨ ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸਨ

: ਭਾਗ-1 ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾ ਨੂੰ ਹੱਲ ਕੀਤਾ ਜਾਵੇ।

* ਭਾਗ- ।। : ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾ ਅਨੁਸਾਰ ਉਹਨਾ ਨੂੰ ਹੱਲ ਕੀਤਾ ਜਾਵੇ ।

* ਭਾਗ- ।।।: ਪ੍ਰਭਾਵਸਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।

* ਭਾਗ-1V: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।

* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।

* ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

## ਭਾਗ ਪਹਿਲਾ

## ਪੜਨ ਕੌਸ਼ਲ (Part-1 Reading Skill)

ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6

ਕੁਦਰਤੀ ਕਰੋਪੀਆਂ ਦਾ ਅਸਰ ਹੈ ਕੁਦਰਤ ਦਾ ਕਹਿਰ। ਕੁਦਰਤੀ ਕਰੋਪੀਆਂ ਦਾ ਕਾਰਨ ਮਨੁੱਖ ਦਾ ਕੁਦਰਤ ਦੀਆਂ ਬਣਾਈਆਂ ਚੀਜ਼ਾਂ ਨਾਲ ਛੇੜਖਾਨੀ ਕਰਨਾ। ਕੁਦਰਤੀ ਕਰੋਪੀਆਂ ਨੇ ਏਨੀ ਮਾਰ ਮਾਰੀ ਹੈ ਕਿ ਲੋਕ ਕਿੰਨੇ ਸਾਲਾਂ ਤੱਕ ਤਾਬੇ ਨਹੀਂ ਆ ਸਕੇ। ਗੁਜਰਾਤ ਦੇ ਸ਼ਹਿਰ ਭੁਜ ਵਿਖੇ ਆਏ ਭੂਚਾਲ ਨੂੰ ਕੌਣ ਭੁੱਲ ਸਕਦਾ ਹੈ ਜਿਸ ਨੇ ਮਿੰਟਾਂ-ਸਕਿੰਟਾਂ ਵਿੱਚ ਹੱਸਦੇ-ਵੱਸਦੇ ਪਰਿਵਾਰਾਂ ਨੂੰ ਮੌਤ ਦੀ ਲਪੇਟ ਵਿੱਚ ਲੈ ਲਿਆ । ਜਪਾਨ ਵਿਖੇ ਆਈਆਂ ਸੁਨਾਮੀ ਲਹਿਰਾਂ ਨੇ ਹਜ਼ਾਰਾਂ ਹੀ ਜਪਾਨੀਆਂ ਨੂੰ ਘਰੋਂ ਬੇ-ਘਰ ਕਰ ਦਿੱਤਾ। ਭਾਵੇਂ ਜਪਾਨੀਆਂ ਦੇ ਸਿਦਕ, ਸਖ਼ਤ ਮਿਹਨਤ ਤੇ ਦ੍ਰਿੜਤਾ ਨੇ ਮੁੜ ਉਨ੍ਹਾਂ

ਨੂੰ ਨਵੇਂ ਸਿਰਿਓਂ ਜ਼ਿੰਦਗੀ ਜਿਊਣ ਦੇ ਕਾਬਲ ਬਣਾ ਦਿੱਤਾ ਫਿਰ ਵੀ ਕਹਿਰ ਤਾਂ ਬਰਸਿਆ ਹੀ। ਇਸੇ ਤਰ੍ਹਾਂ ਕੇਦਾਰ ਨਾਥ, ਬਦਰੀ ਨਾਥ, ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਗਏ ਲੋਕਾਂ ਨਾਲ ਵਾਪਰੀ ਜਿੱਥੇ ਬੱਦਲ ਫਟਣ ਨਾਲ ਸੈਂਕੜੇ ਹੀ ਸੈਲਾਨੀ ਉਸ ਕਹਿਰ ਦਾ ਸ਼ਿਕਾਰ ਹੋਏ। ਧਰਤੀ 'ਤੇ ਸਵਰਗ ਅਖਵਾਉਣ ਵਾਲੇ ਕਸ਼ਮੀਰ ਵਿਖੇ ਕੁਦਰਤ ਦੀ ਕਰੋਪੀ ਨੇ ਹੜ੍ਹਾਂ ਦੇ ਰੂਪ ਵਿੱਚ ਕਸ਼ਮੀਰੀਆਂ ਦੀ ਜ਼ਿੰਦਗੀ, ਉਨ੍ਹਾਂ ਦੇ ਕਾਰੋਬਾਰ, ਘਰ ਬਰਬਾਦ ਕਰਕੇ ਰੱਖ ਦਿੱਤੇ। ਭਾਰਤ ਤਾਂ ਕੀ ਸਾਰਾ ਵਿਸ਼ਵ ਕੁਦਰਤੀ ਕਰੋਪੀਆਂ ਦੀ ਲਪੇਟ ਵਿੱਚ ਆਇਆ ਹੋਇਆ ਹੈ । ਸਭ ਨੂੰ ਪਤਾ ਹੀ ਹੈ ਕਿ ਅਮਰੀਕਾ ਇੱਕ ਵਿਕਸਿਤ ਦੇਸ ਹੈ। ਇਸ ਨੂੰ ਵੀ ਕੁਦਰਤੀ ਕਰੋਪੀਆਂ ਨੇ ਨਹੀਂ ਬਖ਼ਸ਼ਿਆ। ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ ਹੈ। ਫਿਰ ਵੀ ਮਨੁੱਖ ਜੇ ਚਾਹੇ ਤਾਂ ਇਹਨਾਂ ਕਰੋਪੀਆਂ ਤੋਂ ਕੁਝ ਹੱਦ ਤੱਕ ਬਚ ਸਕਦਾ ਹੈ ਗਲੋਬਲ ਵਾਰਮਿੰਗ ਕੁਦਰਤੀ ਕਰੋਪੀਆਂ ਲਈ ਪੂਰੀ ਤਰ੍ਹਾਂ ਜਿੰਮੇਵਾਰ ਹੈ। ਇਹ ਜੋ ਕਦੇ ਬਹੁਤ ਜਿਆਦਾ ਗਰਮੀ ਤੇ ਕਦੇ ਬਹੁਤ ਜਿਆਦਾ ਸਰਦੀ ਪੈਂਦੀ ਹੈ,ਸਭ ਗਲੋਬਲ ਵਾਰਮਿੰਗ ਦਾ ਹੀ ਨਤੀਜਾ ਹੈ। ਗਲੋਬਲ ਵਾਰਮਿੰਗ ਨੂੰ ਰੋਕਣ ਲਈ ਸਾਰੇ ਦੇਸ਼ਾਂ ਨੂੰ ਖਾਸ ਕਰਕੇ ਵਿਕਸਿਤ ਦੇਸ਼ਾਂ ਨੂੰ ਪਹਿਲ ਕਰਨ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਜੇ ਸਾਰੇ ਦੇਸ਼ ਮਿਲ ਕੇ ਪਰਮਾਣੂ ਬੰਬ ਕਦੇ ਵੀ ਨਾ ਚਲਾਉਣ ਦਾ ਪ੍ਰਣ ਕਰਨ। ਧਰਤੀ ਦੀ ਤਪਸ਼ ਨੂੰ ਰੋਕਣ ਲਈ ਧਰਤੀ ਦੇ ਚੱਪੇ-ਚੱਪੇ ਤੇ ਹਰਿਆਲੀ ਅਰਥਾਤ ਜੰਗਲਾਂ ਦੀ ਲੋੜ ਹੈ । ਮੁੱਕਦੀ ਗੱਲ ਇਹੀ ਕਹਿ ਸਕਦੇ ਹਾਂ ਕਿ ਇਹ ਕੁਦਰਤੀ ਕਰੋਪੀਆਂ ਜੋ ਧਰਤੀ ਜਾਂ ਮਨੁੱਖਤਾ ਲਈ ਘਾਤਕ ਸਿੱਧ ਹੋ ਰਹੀਆਂ ਹਨ ਇਹਨਾਂ ਤੇ ਕਾਬੂ ਪਾਉਣ ਲਈ ਕੁਦਰਤ ਦੀਆਂ ਬਣਾਈਆਂ ਚੀਜ਼ਾਂ ਨਾਲ ਛੇੜਛਾੜ ਕਰਨੀ ਬੰਦ ਕਰਨੀ ਚਾਹੀਦੀ ਹੈ। ਕੁਦਰਤ ਦੇ ਪ੍ਰਕੋਪ ਤੋਂ ਬਚਣ ਲਈ ਮਨੁੱਖ ਨੂੰ ਜੋ ਧਰਤੀ ਜੋ ਸਾਡੀ ਮਾਤਾ ਹੈ, ਇਸ 'ਤੇ ਹੁੰਦੇ ਜ਼ੁਲਮਾਂ ਨੂੰ ਰੋਕਣਾ ਪਵੇਗਾ।

1. ਕੁਦਰਤੀ ਕਰੋਪੀਆਂ ਦਾ ਮੁੱਖ ਕਾਰਨ ਕੀ ਦੱਸਿਆ ਗਿਆ ਹੈ?

   ੳ) ਬਾਰਸ਼ ਘੱਟ ਪੈਣਾ

   ਅ) ਮਨੁੱਖ ਦਾ ਕੁਦਰਤ ਨਾਲ ਛੇੜਖਾਨੀ ਕਰਨਾ

   ੲ) ਪਰਮਾਣੂ ਬੰਬਾਂ ਦੀ ਕਮੀ

   ਸ) ਜਨਸੰਖਿਆ ਵਾਧਾ

2. ਭੁਜ ਕਿਸ ਘਟਨਾ ਲਈ ਯਾਦ ਕੀਤਾ ਜਾਂਦਾ ਹੈ?

ੳ) ਸੁਨਾਮੀ

ਅ) ਹੜ੍ਹ

ੲ) ਭੂਚਾਲ

ਸ) ਤੂਫ਼ਾਨ

3. ਜਪਾਨ ਵਿੱਚ ਕਿਸ ਕਾਰਨ ਹਜ਼ਾਰਾਂ ਲੋਕ ਬੇਘਰ ਹੋਏ?

ੳ) ਬਾਰਸ਼

ਅ) ਸੁਨਾਮੀ ਲਹਿਰਾਂ

ੲ) ਜੁਆਲਾ-ਮੁਖੀ

ਸ) ਚਕਰਵਾਤ

4. ਕਸ਼ਮੀਰ ਵਿੱਚ ਕੁਦਰਤੀ ਕਰੋਪੀ ਕਿਹੜੇ ਰੂਪ ਵਿੱਚ ਆਈ?

ੳ) ਭੂਚਾਲ

ਅ) ਹੜ੍ਹਾਂ ਦੇ ਰੂਪ ਵਿੱਚ

ੲ) ਸੁਨਾਮੀ

ਸ) ਸੁੱਕਾ

5. ਅਮਰੀਕਾ ਬਾਰੇ ਕੀ ਦੱਸਿਆ ਗਿਆ ਹੈ?

ੳ) ਇਸ ਵਿੱਚ ਭੂਚਾਲ ਨਹੀਂ ਆਉਂਦੇ

ਅ) ਕੁਦਰਤੀ ਕਰੋਪੀਆਂ ਨੇ ਇਸਨੂੰ ਵੀ ਨਹੀਂ ਬਖ਼ਸ਼ਿਆ

ੲ) ਅਮਰੀਕਾ ਸਿਰਫ਼ ਬਾਰਸ਼ ਤੋਂ ਪ੍ਰਭਾਵਿਤ ਹੈ

ਸ) ਅਮਰੀਕਾ ਇੱਕ ਗਰੀਬ ਦੇਸ਼ ਹੈ

6. ਕੁਦਰਤੀ ਕਰੋਪੀਆਂ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ?

ੳ) ਕੁਦਰਤ ਨਾਲ ਛੇੜਛਾੜ ਵਧਾਉਣਾ

ਅ) ਧਰਤੀ ਨੂੰ ਹੋਰ ਤਪਾਉਣਾ

ੲ) ਕੁਦਰਤ ਦੀਆਂ ਬਣਾਈਆਂ ਚੀਜ਼ਾਂ ਨਾਲ ਛੇੜਖਾਨੀ ਬੰਦ ਕਰਨੀ

ਸ) ਜੰਗਲ ਕਟਾਈ ਤੇਜ਼ ਕਰਨੀ

2. ਵਿੱਦਿਆ ਤਾਂ ਪਰਉਪਕਾਰੀ ਏ,ਹਮੇਸ਼ਾਂ ਭਲਾ ਕਮਾਉਂਦੀ ਏ, 4x1=4

ਬੰਦਾ ਜੋ ਪਸ਼ੂ-ਬਰਾਬਰ ਹੈ, ਉਸਨੂੰ ਇਨਸਾਨ ਬਣਾਉਂਦੀ ਏ।

ਵਿੱਦਿਆ ਇੱਕ ਐਸਾ ਚਾਨਣ ਹੈ, ਜੋ ਮਨ ਦੇ ਅੰਦਰ ਜਗਦਾ ਏ,

ਇਸ ਬਿਨਾਂ ਚੁਫੇਰੇ ਦੁਨੀਆਂ ਵਿੱਚ ਬੱਸ, ਨਿਰਾ ਹਨੇਰਾ ਲੱਗਦਾ ਏ।

1 ਵਿੱਦਿਆ ਦਾ ਕੀ ਗੁਣ ਦੱਸਿਆ ਗਿਆ ਹੈ?
2 ਵਿੱਦਿਆ ਤੋਂ ਬਿਨਾਂ ਮਨੁੱਖ ਕੀ ਹੈ ?
3 ਵਿੱਦਿਆ ਦੀ ਤੁਲਨਾ ਕਿਹੜੀ ਚੀਜ਼ ਨਾਲ ਕੀਤੀ ਗਈ ਹੈ ?
4 ਕਿਸ ਬਿਨਾਂ ਦੁਨੀਆ ਅੰਦਰ ਹਨੇਰਾ ਹੈ?

ਭਾਗ-ਅ (ਵਿਆਕਰਨ)

3. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੇ ਹੱਲ ਕਰੋ) । 2x1=2

(i) 1.ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲ਼ਾ ਸਮਾਸੀ ਸ਼ਬਦ ਚੁਣੋ-

(ੳ) ਸਾਫ਼-ਸੁਥਰਾ

(ਅ) ਮੋਟਾ-ਪਤਲਾ

(ੲ) ਰਾਜ-ਸਭਾ

(ਸ) ਨੇਤਰ-ਦਾਨ

2. ਹੇਠਾਂ ਲਿਖੇ ਵਿਕਲਪਾਂ ਵਿੱਚੋਂ ਸਮਾਨਾਰਥਕ ਸਮਾਸੀ ਸ਼ਬਦ ਕਿਹੜਾ ਹੈ ?

(ੳ) ਵੈਰੀ-ਮਿੱਤਰ

(ਅ) ਵੈਰੀ-ਦੁਸ਼ਮਣ

(ੲ) ਸੱਚ-ਝੂਠ

(ਸ) ਖ਼ੁਸ਼-ਖ਼ਬਰੀ

3. ਸਮਾਸੀ ਸ਼ਬਦ ਬਣਾਉਣ ਵੇਲੇ ਕਿਹੜਾ ਚਿੰਨ੍ਹ ਲੱਗਦਾ ਹੈ?

ੳ)? (ਪ੍ਰਸ਼ਨ ਚਿੰਨ੍ਹ)

ਅ)! (ਵਿਸਮਿਕ ਚਿੰਨ੍ਹ)

ੲ) _ (ਡੈਸ਼)

ਸ) - (ਜੋੜਨੀ)

4. ਬਹੁਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੇ ਹੱਲ ਕਰੋ) 2x1=2

1'ਕਾਰ ' ਦਾ ਇੱਕ ਅਰਥ ਹੈ 'ਕੰਮ ਕਰਨਾ ' ਦੂਜਾ ਅਰਥ ਕਿਹੜਾ ਹੈ?

(ੳ)ਪੂੰਜੀ

(ਅ)ਫੁੱਲ

(ੲ)ਮੋਟਰ-ਗੱਡੀ

( ਸ) ਝੂਠਾ

2. 'ਹਾਰ' ਦਾ ਇੱਕ ਅਰਥ ' ਹਾਰਨਾ' ਤੇ ਦੂਜਾ ਕਿਹੜਾ ਹੁੰਦਾ ਹੈ ?

(ੳ) ਅਜਿੱਤ

(ਅ) ਸ਼ਰਮਿੰਦਗੀ

(ੲ) ਗਲ ਦਾ ਗਹਿਣਾ

(ਸ) ਬੂਟਾ

3. ਨੂੰਹ ਦੀ ਬੋਲੀ ਸੱਸ ਦਾ ਸੀਨਾ ਚੀਰ ਗਈ । ਇਸ ਵਾਕ ਵਿੱਚ ਬੋਲੀ ਦਾ ਕੀ ਅਰਥ ਹੈ ?

(ੳ) ਵਾਰਨਾ

(ਅ) ਯੋਜਨਾ

(ੲ) ਤੈਰਨਾ

(ਸ) ਤਾਅਨਾ

5 ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2

1.ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(ੳ) ਬਿਲਕੁਲ, ਬੇਸ਼ੱਕ

(ਅ) ਕਿਉਂਕਿ, ਤਾਂ ਕਿ

(ੲ) ਚੌੜਾ, ਰਤਾ ਕੁ

(ਸ) ਸੱਜੇ-ਖੱਬੇ

2.ਜਿਹੜੇ ਕਿਰਿਆ-ਵਿਸ਼ੇਸ਼ਣ ਕੰਮ ਦੇ ਹੋਣ ਦਾ ਸਮਾਂ ਦੱਸਣ , ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ :

(ੳ) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

(ਅ) ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ

(ੲ) ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ

(ਸ) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

3. ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਕੀ ਕਿਹਾ ਜਾਂਦਾ ਹੈ ?

(ੳ) ਕਿਰਿਆ

(ਅ) ਪੜਨਾਂਵ

(ੲ) ਕਿਰਿਆ-ਵਿਸ਼ੇਸ਼ਣ

(ਸ) ਵਿਸ਼ੇਸ਼ਣ

6. ਅਗੇਤਰ-ਪਿਛੇਤਰ: 1+1=2

ਪੁੱਛੇ ਗਏ ਅਨੁਸਾਰ ਹੱਲ ਕਰੋ:

(i) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ : ਖੁਸ਼,ਦੁਰ

(ii) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ : ਸਤਾਨ,ਆਤਮਾ

7.ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿਚ ਵਰਤ ਕੇ ਅਰਥ ਸਪਸ਼ਟ ਕਰੋ। 4x1=4

ਕੁੱਤੇ ਦੀ ਮੌਤ ਮਰਨਾ

ਖਾਰ ਖਾਣੀ

ਗਲ ਪੈਣਾ

ਘੱਟਾ ਛਾਣਨਾ

ਚਾਦਰ ਵੇਖ ਕੇ ਪੈਰ ਪਸਾਰਨਾ

ਛੱਜ ਵਿੱਚ ਪਾ ਕੇ ਛੱਟਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ) 8+6+4=18

8.ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।1x8=8

(i) ਵਿਦੇਸ਼ਾਂ ਵਿੱਚ ਜਾਣ ਦਾ ਲਾਲਚ ਜਾਂ ਮਜਬੂਰੀ

(ਨੁਕਤੇ: ਭੂਮਿਕਾ; ਵਿਦੇਸ਼ਾਂ ਵਿੱਚ ਜਾਣ ਦਾ ਲਾਲਚ; ਪੜ੍ਹੇ-ਲਿਖੇ ਨੌਜਵਾਨਾਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਲਾਲਚ; ਵਿਦੇਸ਼ਾਂ ਵਿੱਚ ਜਾਣਾ ਇਕ ਮਜਬੂਰੀ, ਗ਼ਰੀਬੀ-ਬੇਰੁਜ਼ਗਾਰੀ; ਭ੍ਰਿਸ਼ਟਾਚਾਰ; ਸ਼ੋਸ਼ਣ, ਸਾਰ-ਅੰਸ਼)

(ii) ਮੇਰਾ ਮਨਪਸੰਦ ਅਧਿਆਪਕ

(ਨੁਕਤੇ : ਭੂਮਿਕਾ, ਅਧਿਆਪਕ ਦਾ ਮਹੱਤਵ , ਮੇਰੀ ਪਸੰਦ ,ਪੜ੍ਹਾਉਣ ਦਾ ਤਰੀਕਾ , ਚੰਗੇ ਇਨਸਾਨ ,ਅਧਿਆਪਨ ਇੱਕ ਆਰਟ , ਬੱਚਿਆਂ ਦੇ ਮਦਦਗਾਰ, ਕਾਰਨ ਸਾਰ-ਅੰਸ਼ )

(iii) ਸੜਕਾਂ 'ਤੇ ਦੁਰਘਟਨਾਵਾਂ

(ਭੂਮਿਕਾ ,ਦੁਰਘਟਨਾਵਾਂ ਦੇ ਕਾਰਨ , ਅਬਾਦੀ ਤੇ ਮੋਟਰ-ਗੱਡੀਆਂ ਵਿੱਚ ਵਾਧਾ ,ਨਸ਼ਿਆਂ ਦਾ ਰੁਝਾਨ ,ਨੌਜਵਾਨਾਂ ਵਿੱਚ ਜ਼ੁੰਮੇਵਾਰੀ ਦੀ ਘਾਟ ,ਡਰਾਈਵਿੰਗ ਲਾਇਸੰਸ ਦੇਣ ਵਿੱਚ ਬੇਨਿਯਮੀਆਂ , ਸੜਕਾਂ ਦੀ ਖ਼ਰਾਬ ਹਾਲਤ ਦੁਰਘਟਨਾਵਾਂ ਦੇ ਨਤੀਜੇ ,ਦੁਰਘਟਨਾਵਾਂ ਤੋਂ ਬਚਣ ਦੇ ਉਪਾਅ, ਸਾਰ-ਅੰਸ਼)

**10** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੱਤਰ ਲਿਖੋ 1x6=6

(i) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਆਚਰਨ ਸਰਟੀਫ਼ਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।

ਨੁਕਤੇ :- (ਸਕੂਲ ਦਾ ਵਿਦਿਆਰਥੀ, ਪਿਤਾ ਜੀ ਦੀ ਬਦਲੀ ਦਿੱਲੀ, ਸਾਰੇ ਪਰਿਵਾਰ ਦਾ ਬਿਹਾਰ ਜਾਣਾ, ਮਜ਼ਬੂਰੀ ਵਿੱਚ ਸਕੂਲ ਛੱਡਣਾ, ਬਿਹਾਰ ਦਾਖ਼ਲਾ ਲੈਣਾ, ਸਕੂਲ ਛੱਡਣ ਦਾ ਤੇ ਆਚਰਨ ਸਰਟੀਫ਼ਿਕੇਟ ਦੀ ਲੋੜ, ਹੋਣਹਾਰ ਵਿਦਿਆਰਥੀ)

ਜਾਂ

(ii) ਤੁਹਾਡਾ ਮਨੀਆਰਡਰ ਗੁੰਮ ਹੋ ਗਿਆ ਹੈ। ਇਸ ਦੀ ਪੜਤਾਲ ਲਈ ਡਾਕਖ਼ਾਨੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖੋ

ਨੁਕਤੇ :- (ਪਿਤਾ ਜੀ ਵੱਲੋਂ ਭੇਜਿਆ ਮਨੀਆਰਡਰ, ਰਸੀਦ ਨੰ:, ਮਿਤੀ, ਪੈਸਿਆਂ ਦੀ ਲੋੜ, ਜ਼ੁਰਮਾਨਾ ਹੋ ਜਾਵੇਗਾ, ਪੜਤਾਲ ਕਰਕੇ ਛੇਤੀ ਭੁਗਤਾਨ ਕਰੋ)

**11.** ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ

1x4=4



ਨੋਟ-ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ ਨੇਤਰਹੀਣ ਵਿਦਿਆਰਥੀਆਂ ਲਈ ਹੈ।
ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜਰੂਰੀ ਕੰਮ ਦੇ ਛੁੱਟੀ ਲਈ ਪੱਤਰ ਲਿਖੋ।

ਭਾਗ ਸ (ਪਾਠ ਪੁਸਤਕ ਅਧਾਰਿਤ ਪ੍ਰਸ਼ਨ)

11. ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) 5x1=5

1.ਕਿਹੜੇ ਪਿਆਰ ਤੋਂ ਦੇਸ਼ ਅਤੇ ਸਮਾਜ ਲਈ ਪਿਆਰ ਪੈਦਾ ਹੁੰਦਾ ਹੈ?

ੳ) ਬੱਚਿਆਂ ਦੇ

ਅ) ਮਾਪਿਆਂ ਦੇ

ੲ) ਘਰ ਦੇ

ਸ) ਸਕੂਲ ਦੇ

2) ਬੋਲੀ ਲੇਖ ਕਿਸ ਦੀ ਰਚਨਾ ਹੈ?

ੳ) ਪੂਰਨ ਸਿੰਘ

ਅ) ਗੁਰਬਖਸ਼ ਸਿੰਘ

ੲ) ਮੋਹਨ ਸਿੰਘ

ਸ) ਭਾਈ ਵੀਰ ਸਿੰਘ

3) ਬੋਲੀ ਲੇਖ ਅਨੁਸਾਰ ਸਾਡੀ ਦੌਲਤ ਕੀ ਹੈ?

ੳ) ਸਿੱਕੇ

ਅ) ਸੋਨਾ

ੲ) ਚਾਂਦੀ

ਸ) ਤਜ਼ਰਬਾ

4) ਅਮਰੀਕ ਦੇ ਛੋਟੇ ਭਰਾ ਦਾ ਕੀ ਨਾਂ ਸੀ?

ੳ) ਰਜਿੰਦਰ

ਅ) ਮਹਿੰਦਰ

ੲ) ਜੋਗਿੰਦਰ

ਸ) ਦਵਿੰਦਰ

5) ਕਾਕੇ ਨੇ ਕਿਸ ਨੂੰ ਮਾਰਿਆ?

ੳ) ਸੇਠ ਦੇ ਮੁੰਡੇ ਨੂੰ

ਅ) ਪੁਲਿਸ ਦੇ ਮੁੰਡੇ ਨੂੰ

ੲ) ਸ਼ਾਹਾਂ ਦੇ ਮੁੰਡੇ ਨੂੰ

ਸ) ਡਾਕਟਰ ਦੇ ਮੁੰਡੇ ਨੂੰ

6) ਕਰਤਾਰ ਸਿੰਘ ਦੀ ਮੌਤ ਦਾ ਕਾਰਨ ਕੀ ਸੀ?

ੳ) ਵੱਧ ਮਿਹਨਤ

ਅ) ਬਿਮਾਰੀ

ੲ) ਨਸ਼ਾ

ਸ) ਜੂਆ

12 ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ।)

5x1=5

1 ਰਾਜੇ ਮਹਾਰਾਜੇ ਕਿਸ ਤੋਂ ਜਨਮ ਲੈਂਦੇ ਹਨ?

ੳ) ਪਰਮਾਤਮਾ ਤੋਂ

ਅ) ਗੁਰੂ ਤੋਂ

ੲ) ਇਸਤਰੀ ਤੋਂ

ਸ) ਭੂਮੀ ਤੋਂ

2 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਅਨੁਸਾਰ ਸਭਨਾ ਥਾਵਾਂ ਉੱਤੇ ਸਾਡਾ ਰਾਖਾ ਕੌਣ ਹੈ?

ੳ) ਪਿਤਾ

ਅ) ਮਨੁੱਖ

ੲ) ਪਰਮਾਤਮਾ

ਸ) ਭਰਾ

3 ਕਿਲਵਿਖ' ਦਾ ਕੀ ਅਰਥ ਹੈ?

ੳ) ਖਿਮਾ

ਅ) ਰਿਸ਼ਤੇਦਾਰ

ੲ) ਲੋਭ

ਸ) ਪਾਪ

4. ਸੰਸਾਰ ਵਿੱਚ ਕੀ ਕਰਨ ਵਾਲਿਆਂ ਦੀ ਜੈ- ਜੈਕਾਰ ਹੁੰਦੀ ਹੈ ?

ੳ) ਚੁਗਲੀਆਂ ਕਰਨ ਵਾਲਿਆਂ ਦੀ

ਅ) ਨਾਮ ਸਿਮਰਨ ਕਰਨ ਵਾਲਿਆਂ ਦੀ

ੲ) ਝੂਠ ਬੋਲਣ ਵਾਲਿਆਂ ਦੀ

ਸ) ਕੰਮ ਕਰਨ ਵਾਲਿਆਂ ਦੀ

5 ਔਰੰਗਜ਼ੇਬ ਕੋਲ ਜ਼ਫ਼ਰਨਾਮਾ ਕੌਣ ਲੈ ਕੇ ਆਇਆ?

ੳ) ਬਲਦੇਵ ਸਿੰਘ

ਅ) ਦਯਾ ਸਿੰਘ

ੲ) ਗੁਰਦਿੱਤ ਸਿੰਘ

ਸ) ਹਿੰਮਤ ਸਿੰਘ

6 ਜ਼ਫ਼ਰਨਾਮਾ ਇਕਾਂਗੀ ਦਾ ਲੇਖਕ ਕੌਣ ਹੈ?

ੳ) ਡਾ ਹਰਚਰਨ ਸਿੰਘ

ਅ) ਪ੍ਰਿੰਸੀਪਲ ਸੰਤ ਸਿੰਘ ਸੇਖੋ

ੲ) ਕਰਤਾਰ ਸਿੰਘ

ਸ) ਆਈ. ਸੀ .ਨੰਦਾ

13 ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)

4x1=4

1 ਕਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਦੇ ਚਪੇੜਾਂ ਤੋਂ ਬਚਾਇਆ?

2 ਮਨੁੱਖ ਦੀ ਸਭ ਤੋਂ ਕੀਮਤੀ ਤੇ ਪਿਆਰੀ ਵਿਰਾਸਤ ਕਿਹੜੀ ਹੈ?

3 ਜਿਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਦਾ ਉਹਨਾਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ?

4 ਕਾਕਾ ਨੀਂਦ ਵਿੱਚ ਕੀ ਬੁੜਬੁੜਾ ਰਿਹਾ ਸੀ?

5 ਅਮਰੀਕ ਦੇ ਪਿਓ ਦਾ ਕੀ ਨਾਂ ਸੀ?

14 ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ) 7x2=14

1) ਸੁਸਾਇਟੀ ਦੇ ਇੰਸਪੈਕਟਰ ਨੇ ਅਮਰੀਕ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ਤੇ ਕਿਉਂ?

2) ਕਾਕਾ ਆਪਣੇ ਪਿਤਾ ਕੋਲੋਂ ਇੱਕ ਟਕਾ ਕਿਉਂ ਮੰਗਦਾ ਹੈ?

3) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖਸੀ ਰਹਿਣੀ-ਬਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ?

4) ਜ਼ਿੰਦਗੀ ਦਾ ਅਸਲ ਸੋਨਾ ਕਿਹੜੀ ਚੀਜ਼ ਹੁੰਦੀ ਹੈ?

5) ਸ਼ਹਿਜ਼ਾਦਾ ਕਾਮ ਬਖਸ਼ ਕੌਣ ਸੀ?

6) ਅਮਰੀਕ ਨੂੰ ਆਪਣੇ ਘਰਦਿਆਂ ਨਾਲ ਕਿਸ ਚੀਜ਼ ਦਾ ਇਤਰਾਜ਼ ਸੀ?

7) ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ। ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?

8) ਵਜ਼ੀਰ ਖਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ ?

15 ਕਵਿਤਾ ਤੇ ਵਾਰਤਕ ਵਿੱਚੋਂ ( ਉੱਤਰ 50-60 ਸ਼ਬਦਾਂ ਵਿੱਚ ਦਿਓ) 2x4=8

1 ‘ਸੋ ਕਿਉ ਮੰਦਾ ਆਖੀਐ‘ ਸ਼ਬਦ ਦਾ ਕੇਂਦਰੀ ਭਾਵ ਲਿਖੋ?

ਜਾਂ

ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ/ਰਚਨਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

2 ਬੋਲੀ ਨਾਂ ਦੇ ਲੇਖ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਜਾਂ

ਘਰ ਦਾ ਪਿਆਰ ਕਿਉਂ ਜਰੂਰੀ ਹੈ?

16. ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50- 60 ਸ਼ਬਦਾਂ ਵਿੱਚ ਦਿਓ) 1x4=4

1 ਜ਼ਫ਼ਰਨਾਮਾ ਨਾਂ ਦਾ ਖ਼ਤ ਪੜ੍ਹ ਕੇ ਔਰੰਗਜ਼ੇਬ ਉੱਤੇ ਇਸ ਦਾ ਕੀ ਅਸਰ ਹੋਇਆ?

ਜਾਂ

ਜੀਨਤ -ਉਨ-ਨਿਸ਼ਾ ਦਾ ਪਾਤਰ ਚਿਤਰਨ ਲਿਖੋ?